Punjabi

# Aptima® ਮਲਟੀਟੈਸਟ ਸਵੈਬ ਨਮੂਨਾ ਸੰਗ੍ਰਹਿ ਕਿੱਟ

## ਮਰੀਜ਼ ਸੰਗ੍ਰਹਿ ਪ੍ਰਕਿਰਿਆ ਗਾਈਡ

## ਯੋਨੀ ਦੇ ਸਵੈਬ ਦੇ ਨਮੂਨਿਆਂ ਲਈ




**ਸ਼ੁਰੂ ਕਰਨ ਤੋਂ ਪਹਿਲਾਂ ਹੱਥ ਧੋਵੋ। ਜੇਕਰ ਇਸ ਪ੍ਰਕਿਰਿਆ ਬਾਰੇ ਤੁਹਾਡੇ ਕੋਈ ਸਵਾਲ ਹਨ, ਤਾਂ ਕਿਰਪਾ ਕਰਕੇ ਆਪਣੇ ਸਿਹਤ ਸੰਭਾਲ ਪ੍ਰਦਾਤਾ ਨੂੰ ਪੁੱਛੋ।**

ਅੰਸ਼ਕ ਤੌਰ 'ਤੇ ਸਵੈਬ ਪੈਕੇਜ ਨੂੰ ਖੋਲ੍ਹੋ ਅਤੇ ਸਵੈਬ ਨੂੰ ਹਟਾਓ। ਨਰਮ ਸਿਰੇ ਨੂੰ ਨਾ ਛੂਹੋ ਜਾਂ ਸਵੈਪ ਨੂੰ ਹੇਠਾਂ ਨਾ ਰੱਖੋ। ਜੇਕਰ ਨਰਮ ਸਿਰੇ ਨੂੰ ਛੂਹਿਆ ਜਾਂਦਾ ਹੈ, ਹੇਠਾਂ ਰੱਖਿਆ ਜਾਂਦਾ ਹੈ, ਜਾਂ ਸੁੱਟਿਆ ਜਾਂਦਾ ਹੈ, ਤਾਂ ਨਸ਼ਟ ਕਰ ਦਿਓ ਅਤੇ ਨਵੀਂ Aptima ਮਲਟੀਟੈਸਟ ਸਵੈਬ ਨਮੂਨਾ ਸੰਗ੍ਰਹਿ ਕਿੱਟ ਪ੍ਰਾਪਤ ਕਰੋ। **ਸਕੋਰ ਲਾਈਨ ਦੇ ਉੱਪਰ ਸਵੈਬ ਸ਼ਾਫਟ ਦੇ ਵਿਚਕਾਰ ਅੰਗੂਠੇ ਅਤੇ ਉਂਗਲ ਨੂੰ ਰੱਖ ਕੇ, ਸਵੈਬ ਨੂੰ ਫੜੋ।**



ਯੋਨੀ ਦੇ ਖੁੱਲਣ ਵਾਲੀ ਥਾਂ ਤੇ ਸਾਵਧਾਨੀ ਨਾਲ ਸਵੈਬ ਨੂੰ ਪਾਓ, ਲਗਭਗ 2 ਇੰਚ (5 ਸੈਂਟੀਮੀਟਰ), ਅਤੇ **10 ਤੋਂ 30 ਸਕਿੰਟਾਂ ਲਈ ਹੌਲੀ-ਹੌਲੀ ਸਵੈਬ ਨੂੰ ਘੁਮਾਓ**। ਯਕੀਨੀ ਬਣਾਓ ਕਿ ਸਵੈਬ ਯੋਨੀ ਦੀਆਂ ਕੰਧਾਂ ਨੂੰ ਛੂਹਦਾ ਹੈ ਤਾਂ ਜੋ ਨਮੀ ਸਵੈਬ ਦੁਆਰਾ ਜਜ਼ਬ ਹੋ ਜਾਵੇ। ਚਮੜੀ ਨੂੰ ਛੂਹਣ ਤੋਂ ਬਿਨਾਂ ਸਵੈਬ ਨੂੰ ਬਾਹਰ ਕੱਢੋ।



ਆਪਣੇ ਹੱਥ ਵਿੱਚ ਸਵੈਬ ਨੂੰ ਫੜਦੇ ਹੋਏ, ਟਿਊਬ ਕੈਪ ਨੂੰ ਖੋਲ੍ਹੋ। ਟਿਊਬ ਸਮੱਗਰੀ ਨੂੰ ਨਾ ਫੈਲਾਓ। ਜੇਕਰ ਟਿਊਬ ਸਮੱਗਰੀ ਫੈਲ ਜਾਂਦੀ ਹੈ, ਤਾਂ ਇੱਕ ਨਵੀਂ Aptima ਮਲਟੀਟੈਸਟ ਸਵੈਬ ਨਮੂਨਾ ਕਲੈਕਸ਼ਨ ਕਿੱਟ ਲਈ ਬੇਨਤੀ ਕਰੋ।




ਫੌਰੀ ਤੌਰ 'ਤੇ ਸਵੈਬ ਨੂੰ ਟ੍ਰਾਂਸਪੋਰਟ ਟਿਊਬ ਵਿੱਚ ਰੱਖੋ ਤਾਂ ਕਿ ਸਕੋਰ ਲਾਈਨ ਟਿਊਬ ਦੇ ਸਿਖਰ 'ਤੇ ਹੋਵੇ। ਟਿਊਬ ਦੇ ਉੱਪਰਲੇ ਕਿਨਾਰੇ ਨਾਲ ਸਕੋਰ ਲਾਈਨ ਨੂੰ ਇਕਸਾਰ ਕਰੋ ਅਤੇ ਧਿਆਨ ਨਾਲ ਸਵੈਬ ਸ਼ਾਫਟ ਨੂੰ ਤੋੜੋ।



***ਨੋਟ: ਸ਼ੀਸ਼ੀ ਦੇ ਉੱਪਰਲੇ ਕਿਨਾਰੇ ਦੇ ਹੇਠਾਂ ਸਕੋਰ ਲਾਈਨ ਨਾ ਪਾਓ। ਸਵੈਬ ਨੂੰ ਸ਼ੀਸ਼ੀ ਦੇ ਹੇਠਾਂ ਵੱਲ ਨਾ ਧੱਕੋ।***




ਸ਼ਾਫਟ ਦੇ ਉੱਪਰਲੇ ਹਿੱਸੇ ਨੂੰ ਨਸ਼ਟ ਕਰ ਦਿਓ। ਟਿਊਬ 'ਤੇ ਕੈਪ ਨੂੰ ਕੱਸ ਕੇ ਬੰਦ ਕਰੋ। ਤੁਹਾਡੇ ਸਿਹਤ ਸੰਭਾਲ ਪ੍ਰਦਾਤਾ ਦੁਆਰਾ ਨਿਰਦੇਸ਼ ਦਿੱਤੇ ਅਨੁਸਾਰ ਟਿਊਬ ਵਾਪਸ ਕਰੋ।




***ਸੰਗ੍ਰਹਿ ਗਾਈਡ ਲਈ ਅਨੁਵਾਦ ਉਪਲਬਧ ਹੋ ਸਕਦੇ ਹਨ। ਸਾਰੀਆਂ ਸੰਗ੍ਰਹਿ ਗਾਈਡਾਂ ਲਈ ਕਿਰਪਾ ਕਰਕੇ ਆਪਣੇ Hologic ਪ੍ਰਤੀਨਿਧੀ ਨਾਲ ਜਾਂਚ ਕਰੋ।***

Hologic ਇਸ ਸੰਗ੍ਰਹਿ ਪ੍ਰਕਿਰਿਆ ਗਾਈਡ ਨੂੰ ਸਿਰਫ਼ ਇੱਕ ਆਮ ਜਾਣਕਾਰੀ ਦੇ ਸਾਧਨ ਵਜੋਂ ਪ੍ਰਦਾਨ ਕਰਦਾ ਹੈ; ਇਹ ਇੱਕ ਸਵੀਕਾਰਾਤਮਕ ਹਦਾਇਤ ਜਾਂ ਪ੍ਰਦਰਸ਼ਨ ਦੀ ਗਾਰੰਟੀ ਨਹੀਂ ਹੈ। ਉਚਿਤ ਪੈਕੇਜ ਸੰਮਿਲਨ ਨੂੰ ਪੜ੍ਹਨਾ ਅਤੇ ਸਮਝਣਾ ਅਤੇ ਲਾਗੂ ਸਥਾਨਕ, ਰਾਜ ਅਤੇ ਸੰਘੀ ਨਿਯਮਾਂ ਅਤੇ ਕਨੂੰਨਾਂ ਦੀ ਪਾਲਣਾ ਕਰਨਾ ਚਿਕਿਤਸਾ ਕਰਮਚਾਰੀ ਦੀ ਇਕੱਲੀ ਜ਼ਿੰਮੇਵਾਰੀ ਹੈ।


**hologic.com | diagnostic.solutions@hologic.com | 1.888.484.4747**



ਹਵਾਲਾ: Aptima ਮਲਟੀਟੈਸਟ ਸਵੈਬ ਨਮੂਨਾ ਸੰਗ੍ਰਹਿ ਕਿੱਟ- ਰੋਗੀ ਸੰਗ੍ਰਹਿ। ਯੂ.ਐੱਸ. ਪੈਕੇਜ ਸੰਮਿਲਨ AW-26254-001 Hologic, Inc.; 2022।



DS-01553-3991 Rev. 007 © 2024 Hologic, Inc. ਸਾਰੇ ਅਧਿਕਾਰ ਰਾਖਵੇਂ ਹਨ। Hologic, Aptima ਅਤੇ ਸੰਬੰਧਿਤ ਲੋਗੋ ਸੰਯੁਕਤ ਰਾਜ ਅਤੇ/ਜਾਂ ਹੋਰ ਦੇਸ਼ਾਂ ਵਿੱਚ Hologic, Inc. ਅਤੇ/ਜਾਂ ਇਸ ਦੀਆਂ ਸਹਾਇਕ ਕੰਪਨੀਆਂ ਦੇ ਟ੍ਰੇਡਮਾਰਕ ਅਤੇ/ਜਾਂ ਰਜਿਸਟਰਡ ਟ੍ਰੇਡਮਾਰਕ ਹਨ। ਇਹ ਜਾਣਕਾਰੀ ਯੂ.ਐੱਸ. ਅਤੇ ਹੋਰ ਬਾਜ਼ਾਰਾਂ ਵਿੱਚ ਡਾਕਟਰੀ ਪੇਸ਼ੇਵਰਾਂ ਲਈ ਹੈ ਅਤੇ ਇਸਦਾ ਉਦੇਸ਼ ਉਤਪਾਦ ਬੇਨਤੀ ਜਾਂ ਪ੍ਰਚਾਰ ਵਜੋਂ ਨਹੀਂ ਹੈ ਜਿੱਥੇ ਅਜਿਹੀਆਂ ਗਤੀਵਿਧੀਆਂ ਦੀ ਮਨਾਹੀ ਹੈ। ਕਿਉਂਕਿ Hologic ਸਮੱਗਰੀਆਂ ਨੂੰ ਵੈੱਬਸਾਈਟ, ਪ੍ਰਸਾਰਣ ਅਤੇ ਵਪਾਰਕ ਸ਼ੋਆਂ ਰਾਹੀਂ ਵੰਡਿਆ ਜਾਂਦਾ ਹੈ, ਇਸ ਲਈ ਇਹ ਨਿਯੰਤਰਣ ਕਰਨਾ ਹਮੇਸ਼ਾ ਸੰਭਵ ਨਹੀਂ ਹੁੰਦਾ ਕਿ ਅਜਿਹੀਆਂ ਸਮੱਗਰੀਆਂ ਕਿੱਥੇ ਦਿਖਾਈ ਦਿੰਦੀਆਂ ਹਨ। ਕਿਸੇ ਖਾਸ ਦੇਸ਼ ਵਿੱਚ ਵਿਕਰੀ ਲਈ ਕਿਹੜੇ ਉਤਪਾਦ ਉਪਲਬਧ ਹਨ, ਇਸ ਬਾਰੇ ਖਾਸ ਜਾਣਕਾਰੀ ਲਈ, ਕਿਰਪਾ ਕਰਕੇ ਆਪਣੇ Hologic ਪ੍ਰਤੀਨਿਧੀ ਨਾਲ ਸੰਪਰਕ ਕਰੋ ਜਾਂ ਇਸ ਨੂੰ ਲਿਖੋ **diagnostic.solutions@hologic.com**।